(i) Printed Pages : 3 Roll No. ..............................

(ii) Questions : 4 **Sub. Code : 1 0 5 3 5**

**Exam. Code : 5 0 0 2**

**Bachelor of Arts (FYUP) 2nd Semester**

**(2056)**

**PUNJABI**

**Paper : Punjabi Poetry And Grammar (PUN108)**

**Time Allowed : 3 Hours]** **[Maximum Marks : 45**

1. ਗਜ਼ਲ ਨੂੰ ਪਰਿਭਾਸ਼ਿਤ ਕਰਦੇ ਹੋਏ, ਇਸਦੇ ਤੱਤਾਂ ਬਾਰੇ ਜਾਣਕਾਰੀ ਦਿਓ।

**ਜਾਂ**

ਪ੍ਰਗੀਤ ਕਾਵਿ ਦੇ ਲੱਛਣ ਅਤੇ ਵਿਸ਼ੇਸ਼ਤਾਵਾਂ ਉੱਤੇ ਨੋਟ ਲਿਖੋ। 8

2. ਹੇਠ ਲਿਖਿਆਂ ਵਿੱਚੋਂ ਕੋਈ **ਦੋ** ਪ੍ਰਸ਼ਨਾਂ ਦੇ ਉੱਤਰ ਦਿਓ :

(i) 'ਜਵਾਨ ਪੰਜਾਬ ਦੇ' ਕਵਿਤਾ ਦੇ ਥੀਮ ਬਾਰੇ ਵਿਸਥਾਰ ਸਹਿਤ ਚਰਚਾ ਕਰੋ।

(ii) 'ਆਖਾਂ ਵਾਰਿਸ ਸ਼ਾਹ ਨੂੰ' ਕਵਿਤਾ ਦੇ ਵਿਸ਼ਾ-ਵਸਤੂ ਸੰਬੰਧੀ ਜਾਣਕਾਰੀ ਦਿਓ।

(iii) ਸੁਰਜੀਤ ਪਾਤਰ ਦੇ ਜੀਵਨ, ਰਚਨਾ ਅਤੇ ਸਾਹਿਤਕ ਯੋਗਦਾਨ ਸੰਬੰਧੀ ਵਿਸਥਾਰ ਸਹਿਤ ਚਰਚਾ ਕਰੋ। 6×2=12

3. (ੳ) ਕਿਸੇ **ਇੱਕ** ਵਿਸ਼ੇ ਉੱਤੇ ਪੈਰ੍ਹਾ ਰਚਨਾ ਕਰੋ :

(i) ਪੰਜਾਬੀ ਸਭਿਆਚਾਰ ਦੀ ਮੌਜੂਦਾ ਸਥਿਤੀ

(ii) ਵਿਦੇਸ਼ ਜਾਣ ਦਾ ਰੁਝਾਨ : ਠੀਕ ਕਿ ਗਲਤ ?

(iii) ਪੰਜਾਬ ਦੇ ਮੇਲੇ। 5



Scanned with OKEN Scanner

(ਅ) ਹੇਠ ਲਿਖੇ ਪੈਰ੍ਹੇ ਨੂੰ ਸੰਖੇਪ ਕਰਕੇ ਲਿਖੋ ਅਤੇ ਢੁਕਵਾਂ ਸਿਰਲੇਖ ਦੱਸੋ :

ਸੁਲੱਖਣਾ ਬੰਦਾ ਵੱਡਿਆ ਦਾ ਸਤਿਕਾਰ ਕਰਦਾ ਹੈ। ਉਹਨਾਂ ਨੂੰ ਪਹਿਲ ਦਿੰਦਾ ਹੈ, ਬਰਾਬਰ ਦਿਆਂ ਦਾ ਮਾਣ ਕਰਦਾ ਹੈ, ਛੋਟਿਆਂ ਦਾ ਆਦਰ ਕਰਦਾ ਹੈ, ਉਹਨਾਂ ਨੂੰ ਰਾਹ ਪਾਂਦਾ ਹੈ, ਇਸਤਰੀਆਂ ਤੋਂ ਅੱਖ ਨੀਵੀਂ ਰੱਖਦਾ ਹੈ, ਯਥਾ-ਸ਼ਕਤੀ ਆਪਣੀ ਲੋੜ ਉਹਨਾਂ ਦੇ ਪਿੱਛੇ ਰੱਖਦਾ ਹੈ। ਇਸਤਰੀ ਜਾਤੀ ਦਾ ਹਰ ਥਾਂ ਮਾਣ ਕਰਨਾ ਤੇ ਉਸਨੂੰ ਪਹਿਲ ਦੇਣੀ ਸੁਲੱਖਣੇ ਬੰਦਿਆਂ ਦਾ ਵੱਡਾ ਚਿਹਨ ਹੈ। ਸਾਊ-ਬੰਦੇ ਦੀ ਮੋਟੀ ਜਿਹੀ ਨਿਸ਼ਾਨੀ ਇਹ ਹੈ ਕਿ ਉਹ ਕਦੇ ਕਾਹਲ-ਹਫ਼ਲਿਆਂ ਤੇ ਆਪੇ ਤੋਂ ਬਾਹਰ ਨਹੀਂ ਦਿਸੇਗਾ। ਕਾਹਲ ਤੇ ਤਿੱਖਾਪਣ ਭਾਵੇਂ ਤੁਰਨ ਫਿਰਨ ਵਿੱਚ ਹੋਵੇ, ਭਾਵੇਂ ਅੱਖਾਂ ਦਾ ਹੋਵੇ, ਭਾਵੇਂ ਜ਼ੁਬਾਨ, ਸ਼ੋਭਾ ਨਹੀਂ ਦਿੰਦਾ। ਆਪੇ ਵਿੱਚੀਂ ਗੱਲ ਕਰਦਿਆਂ ਦੂਜਿਆਂ ਦਾ ਖਿਆਲ ਰੱਖਣਾ, ਉੱਚਾ ਨਾ ਬੋਲਣਾ, ਨਾ ਉੱਚਾ ਹੱਸਣਾ, ਨਾ ਦੂਜਿਆਂ ਨੂੰ ਘੂਰਨਾ, ਪੁਸਤਕ ਜਾਂ ਅਖ਼ਬਾਰ ਨਾ ਪੜ੍ਹਨ ਦੀ ਕੋਸ਼ਿਸ਼ ਕਰਨਾ, ਨਾ ਹੱਥ ਵਿੱਚੋਂ ਕੁਝ ਖੋਹਣ ਦਾ ਯਤਨ ਕਰਨਾ, ਕਿਸੇ ਨੂੰ ਕੋਈ ਔਖ ਨਾ ਦੇਣਾ, ਗਲਤੀ ਹੋਣ ਤੇ ਖ਼ਿਮਾ ਮੰਗਣੀ, ਇਹ ਮੋਟੇ ਜਿਹੇ ਨਿਯਮ ਹਨ ਵਰਤਣ ਤੇ ਉੱਠਣ-ਬੈਠਣ ਦੇ। 5

4. (ੳ) ਹੇਠ ਲਿਖਿਆਂ ਅਖਾਣਾਂ ਵਿੱਚੋਂ **ਪੰਜ** ਅਖਾਣਾਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਅਰਥ ਸਪਸ਼ਟ ਹੋ ਜਾਣ :

(i) ਦਾਤਾ ਦਾਨ ਕਰੇ ਭੰਡਾਰੀ ਦਾ ਪੇਟ ਫਟੇ

(ii) ਧੇਲੇ ਦੀ ਬੁੱਢੀ ਟਕਾ ਸਿਰ ਮੁਨਾਈ

(iii) ਡੁੱਬੀ ਤਾਂ ਜੇ ਸਾਹ ਨਾ ਆਇਆ

(iv) ਘਰ ਦੀ ਮੁਰਗੀ ਦਾਲ ਬਰਾਬਰ

(v) ਗੌਂ ਭੁੰਨਾਵੇ ਜੌਂ ਭਾਵੇਂ ਗਿੱਲੇ ਹੀ ਹੋਣ

(vi) ਕਾਠ ਦੀ ਹਾਂਡੀ ਬਾਰ-ਬਾਰ ਨਹੀਂ ਚੜਦੀ

(vii) ਇੱਕ ਅਨਾਰ ਸੌ ਬਿਮਾਰ 5×1=5



Scanned with OKEN Scanner

(ਅ) ਹੇਠ ਲਿਖਿਆਂ ਵਿੱਚੋਂ ਕੋਈ **ਪੰਜ** ਵਾਕਾਂ ਦੇ ਵਾਚ ਬਦਲੋ :

(i) ਇਹ ਚਿੱਠੀ ਮੈਂ ਲਿਖੀ ਹੈ। (ਕਰਮਣੀ ਵਾਚ ਵਾਰ ਬਣਾਓ)

(ii) ਰੌਲਾ ਨਾ ਪਾਇਆ ਜਾਵੇ। (ਕਰਤਰੀ ਵਾਚ ਵਾਰ ਬਣਾਓ)

(iii) ਮੈਂ ਗੀਤ ਗਾ ਰਿਹਾ ਹਾਂ। (ਕਰਮਣੀ ਵਾਚ ਵਾਰ ਬਣਾਓ)

(iv) ਸਦਾ ਸੱਚ ਬੋਲੋ। (ਕਰਮਣੀ ਵਾਚ ਵਾਰ ਬਣਾਓ)

(v) ਭੈੜਿਆਂ ਦੀ ਸੰਗਤ ਛੱਡ ਦਿੱਤੀ ਜਾਵੇ।

(ਕਰਤਰੀ ਵਾਚ ਵਾਰ ਬਣਾਓ)

(vi) ਉਹ ਵਾਪਸ ਨਹੀਂ ਪਰਤੇਗਾ ? (ਕਰਮਣੀ ਵਾਚ ਵਾਰ ਬਣਾਓ)

(vii) ਜਣਾ-ਖਣਾ ਇਮਤਿਹਾਨ ਨੂੰ ਪਾਸ ਨਹੀਂ ਕਰ ਸਕਦਾ।

(ਕਰਮਣੀ ਵਾਚ ਵਾਰ ਬਣਾਓ)

5×1=5

(ੲ) ਹੇਠ ਲਿਖੇ ਪਿਛੇਤਰਾਂ ਵਿੱਚੋਂ **ਪੰਜ** ਪਿਛੇਤਰਾਂ ਦੀ ਵਰਤੋਂ ਨਾਲ ਦੋ-ਦੋ ਸ਼ਬਦ ਬਣਾਓ :

ਆਈ, ਅਲ, ਆਰੀ, ਸਾਰ, ਗੀ, ਪਣ, ੜੀ 5×1=5



Scanned with OKEN Scanner